This question paper contains **3** printed pages]

*Your Roll No.*................

**5352**

**B.A. (PROGRAMME)/II/III** **A**

PUNJABI LANGUAGE (A)—Paper II

(Advanced Punjabi)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

*Note* :— The maximum marks printed on the question paper are applicable for the students of the regular colleges (Cat.'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਆਪਣੀ ਹੱਡ-ਬੀਤੀ ਘਟਨਾ ਨੂੰ ਬਿਰਤਾਂਤਕ ਰੂਪ ਵਿਚ ਲਿਖੋ ।

ਜਾਂ

ਤੁਹਾਡੇ ਪੰਜਾਬੀ ਦੇ ਅਧਿਆਪਕ ਵਲੋਂ ਦਿੱਤੇ ਗਏ ਭਾਸ਼ਣ ਦੇ ਨੋਟਸ ਤਿਆਰ ਕਰੋ । 10

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਬਾਰੇ ਪੰਜ ਸੌ ਸ਼ਬਦਾਂ ਦਾ ਨਿਬੰਧ ਲਿਖੋ :

(ੳ) ਪੁਸਤਕਾਂ ਦਾ ਮਹੱਤਵ;

(ਅ) ਸੜਕਾਂ ਉੱਤੇ ਵੱਧ ਰਿਹਾ ਕ੍ਰੋਧ ਪ੍ਰਗਟਾਵਾ (Road Rage);

(ੲ) ਹੰਕਾਰਿਆ ਸੋ ਮਾਰਿਆ;

(ਸ) ਅੱਤਵਾਦ : ਵਿਸ਼ਵ ਸਮੱਸਿਆ । 15

P.T.O.

3. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ, ਉਸਦਾ ਸਾਰਾਂਸ਼ (ਇਕ ਤਿਹਾਈ) ਲਿਖੋ ਅਤੇ ਢੁਕਵਾਂ ਸਿਰਲੇਖ ਦਿਉ :

"ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਸ ਮਨੁੱਖ ਨੂੰ ਆਪਣੇ ਮਨ ਉਪਰ ਕਾਬੂ ਹੈ ਉਸਨੇ ਜੱਗ ਨੂੰ ਜਿਤ ਲਿਆ ਹੈ ਅਤੇ ਜਿਸ ਨੇ ਮਨ ਨੂੰ ਕਾਬੂ ਨਹੀਂ ਕੀਤਾ ਉਹ ਸਦਾ ਡਾਵਾਂ ਡੋਲ ਹੀ ਰਹਿੰਦਾ ਹੈ। ਅਸਲ ਵਿਚ ਮਨੁੱਖ ਦੀ ਜੀਵਨ ਯਾਤਰਾ ਦੁੱਖਾਂ ਸੁੱਖਾਂ ਦੀ ਨਿਰੰਤਰ ਲੜੀ ਹੈ। ਮਨ ਮਨੁੱਖ ਅੰਦਰ ਇਕ ਅਜਿਹੀ ਸ਼ਕਤੀ ਹੈ, ਜਿਸ ਨੇ ਦੁੱਖਾਂ ਸੁੱਖਾਂ ਨੂੰ ਹੰਢਾਉਣ ਦੀ ਵਿਧੀ ਦਸਣੀ ਹੈ। ਜੇ ਮਨੁੱਖ ਗੁਰੂ ਦੇ ਗਿਆਨ ਜਾਂ ਜੀਵਨ ਦੇ ਗਿਆਨ ਨੂੰ ਗ੍ਰਹਿਣ ਕਰਨ ਵਿਚ ਨਿਰੰਤਰ ਤੱਤਪਰ ਰਹਿੰਦੇ ਹਨ, ਉਨ੍ਹਾਂ ਦਾ ਮਨ ਹੌਲੀ ਹੌਲੀ ਸਧਿਆ ਜਾਂਦਾ ਹੈ। ਉਹ ਦੁਖਾਂ ਵਿਚ ਨਾ ਹੀ ਡਾਵਾਂ ਡੋਲ ਹੁੰਦੇ ਹਨ ਅਤੇ ਨਾ ਹੀ ਸੁੱਖਾਂ ਵਿਚ ਆਪਣੇ ਕਾਬੂ ਤੋਂ ਬਾਹਰ ਹੋ ਜਾਂਦੇ ਹਨ। ਜਿਸ ਮਨੁੱਖ ਨੇ ਮਨ ਉਪਰ ਕਾਬੂ ਪਾ ਲਿਆ, ਉਸਦੀ ਜੀਵਨ ਯਾਤਰਾ ਸਫਲ ਹੈ। ਉਸ ਨੇ ਇਕ ਤਰ੍ਹਾਂ ਪੂਰੇ ਜੱਗ ਨੂੰ ਜਿੱਤ ਲਿਆ।" 10

4. "ਰਾਤ ਦੀ ਖ਼ੂਬਸੂਰਤੀ' ਬਾਰੇ ਜਾਂ 'ਜ਼ੋਰਦਾਰ ਬਾਰਿਸ਼' ਬਾਰੇ 10-15 ਸਤਰਾਂ ਦੀ ਕਵਿਤਾ ਲਿਖੋ।

ਜਾਂ

ਮਨ ਲਉ ਤੁਸੀਂ ਪਤਰਕਾਰ ਹੋ ਅਤੇ ਇਕ ਅਜਿਹੇ ਘਰ ਗਏ ਹੋ ਜਿਥੇ ਗ਼ਰੀਬ ਮਜ਼ਦੂਰ ਜ਼ਹਿਰੀਲੀ ਸ਼ਰਾਬ ਪੀ ਕੇ ਮਰ ਗਿਆ ਹੈ। ਤੁਸੀਂ ਉਸਦੀ ਵਿਧਵਾ ਪਤਨੀ ਨਾਲ ਗੱਲ ਬਾਤ ਕੀਤੀ – ਇਸ ਵਾਰਤਾਲਾਪ ਨੂੰ ਲਿਖੋ। 10

5. ਹੇਠ ਲਿਖੇ ਵਾਰਤਾਲਾਪ ਨੂੰ ਲੋੜੀਂਦੇ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ : 10

"ਤੇਰਾ ਸਾਹਿਬ ਕਿੱਥੇ ਹੈ ਪਤਾ ਨਹੀਂ ਹਜ਼ੂਰ ਕੋਈ ਘੰਟਾ ਕੁ ਹੋਇਆ ਕਿਤੇ ਗਏ ਨੇ ਚੰਗਾ ਤੂੰ ਸਮਾਨ ਬਰਾਂਡੇ ਵਿਚ ਰੱਖ ਦੇ ਤੇ ਬੀਬੀ ਜੀ ਨੂੰ ਖ਼ਬਰ ਕਰ ਬੀਬੀ ਜੀ ਘਰ ਨਹੀਂ ਹਜ਼ੂਰ।"

6. ਵਾਕ ਕੀ ਹੁੰਦਾ ਹੈ ? ਪੰਜਾਬੀ ਦੇ ਤਿੰਨ ਪ੍ਰਕਾਰ ਦੇ ਵਾਕਾਂ ਦਾ ਇਕ ਇਕ ਉਦਾਹਰਣ ਲਿਖੋ । 10

7. ਪੰਜਾਬੀ ਸ਼ਬਦ ਜੋੜਾਂ ਦੇ ਪੰਜ ਨੇਮ ਲਿਖੋ ।

ਜਾਂ

ਪੰਜਾਬੀ ਵਿਚ ਬਿੰਦੀ, ਟਿੱਪੀ ਤੇ ਅੱਧਕ ਦੇ ਪ੍ਰਯੋਗ ਬਾਰੇ ਕੀ ਨੇਮ ਹਨ – ਵਿਸਤਾਰ ਨਾਲ ਦਸੋ । 10